**Dominic Perrottet**
Premier of NSW

**Brad Hazzard**
Minister for Health

# ਮੀਡੀਆ ਪ੍ਰਕਾਸ਼ਨ

ਸੋਮਵਾਰ, 20 ਅਪ੍ਰੈਲ 2022

**COVID ਪਰਿਸਥਿਤੀਆਂ ਬਾਰੇ ਅੱਪਡੇਟ**

ਨਿਊ ਸਾਊਥ ਵੇਲਜ਼ ਸਰਕਾਰ ਨੇ ਅੱਜ ਘੋਸ਼ਣਾ ਕੀਤੀ ਹੈ ਕਿ ਕਿਸੇ ਪੁਸ਼ਟੀ ਹੋ ਚੁੱਕੇ COVID-19 ਕੇਸ ਦੇ ਨਜ਼ਦੀਕੀ ਸੰਪਰਕਾਂ ਨੂੰ ਇਕਾਂਤਵਾਸ ਕਰਨ ਦੀ ਲੋੜ ਨਹੀਂ ਹੋਵੇਗੀ, ਬਸ਼ਰਤੇ ਕਿ ਉਹ ਨਿਊ ਸਾਊਥ ਵੇਲਜ਼ ਸਿਹਤ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹਨ।

ਪਾਜ਼ਟਿਵ ਕੇਸਾਂ ਲਈ ਕੋਈ ਬਦਲਾਅ ਨਹੀਂ ਕੀਤੇ ਗਏ ਹਨ: ਪੋਜ਼ਿਟਿਵ RAT ਜਾਂ PCR ਨਤੀਜਾ ਦਰਜ ਕਰਨ ਵਾਲੇ ਕਿਸੀ ਵੀ ਵਿਅਕਤੀ ਲਈ ਸੱਤ ਦਿਨਾਂ ਦੇ ਇਕਾਂਤਵਾਸ ਦੀ ਲੋੜ ਅਜੇ ਵੀ ਕਾਇਮ ਰਹੇਗੀ।

ਸ਼ੁੱਕਰਵਾਰ 22 ਅਪ੍ਰੈਲ ਨੂੰ ਸ਼ਾਮ 6 ਵਜੇ ਤੋਂ, ਨਜ਼ਦੀਕੀ ਸੰਪਰਕਾਂ (ਜਿਸ ਦੀ ਪਰਿਭਾਸ਼ਾ ਹੈ ਇੱਕੋ ਘਰ ਵਿੱਚ ਰਹਿਣ ਵਾਲਾ ਸੰਪਰਕ ਜਾਂ ਨਿਊ ਸਾਊਥ ਵੇਲਜ਼ ਸਿਹਤ ਵਿਭਾਗ ਦੁਆਰਾ ਨਜ਼ਦੀਕੀ ਸੰਪਰਕ ਮੰਨਿਆ ਗਿਆ ਕੋਈ ਵਿਅਕਤੀ) ਨੂੰ ਇਕਾਂਤਵਾਸ ਨਹੀਂ ਕਰਨਾ ਪਵੇਗਾ, ਬਸ਼ਰਤੇ ਕਿ ਉਨ੍ਹਾਂ ਅੰਦਰ ਕੋਈ ਲੱਛਣ ਨਹੀਂ ਹਨ ਅਤੇ ਉਹ ਹੇਠਾਂ ਦੱਸੇ ਗਏ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹਨ:

- ਬਿਰਧ ਦੇਖਭਾਲ, ਹਸਪਤਾਲ, ਅਪਾਹਜਤਾ, ਅਤੇ ਜੇਲ੍ਹ ਪਰਿਸਰਾਂ (correctional facilities) ਵਿੱਚ **ਨਹੀਂ ਜਾਣਾ ਹੈ** ਜਦੋਂ ਤੱਕ ਕੋਈ ਵਿਸ਼ੇਸ਼ ਛੋਟ ਨਾ ਲਾਗੂ ਹੁੰਦੀ ਹੋਵੇ;
- ਘਰ ਤੋਂ ਇਲਾਵਾ ਹੋਰ ਅੰਦਰੂਨੀ ਸਥਾਨਾਂ ਵਿੱਚ ਚਿਹਰੇ 'ਤੇ ਮਾਸਕ ਪਾਉਣਾ;
- ਜਿੱਥੋਂ ਤੱਕ ਵਿਹਾਰਕ ਤੌਰ 'ਤੇ ਸੰਭਵ ਹੋਵੇ, ਉਨ੍ਹਾਂ ਦੇ ਘਰ ਤੋਂ ਬਾਹਰ ਦੇ ਲੋਕਾਂ ਨਾਲ ਨਜ਼ਦੀਕੀ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਰੋਜ਼ਾਨਾ RAT ਟੈਸਟ ਕਰਨਾ;
- ਜਿੱਥੇ ਵੀ ਸੰਭਵ ਹੋਵੇ, ਬਜ਼ੁਰਗਾਂ ਅਤੇ ਇਮਯੂਨੋ-ਕੰਪਰੋਮਾਈਜ਼ਡ (ਕਮਜ਼ੋਰ ਰੋਗ-ਪ੍ਰਤੀਰੋਧਕ ਸ਼ਕਤੀ ਵਾਲੇ) ਲੋਕਾਂ ਦੇ ਸੰਪਰਕ ਤੋਂ ਪਰਹੇਜ਼ ਕਰਨਾ;
- ਜਿਥੋਂ ਤੱਕ ਵਿਵਹਾਰਕ ਹੋ ਸਕੇ ਘਰੋਂ ਕੰਮ ਕਰਨਾ;
- ਆਪਣੇ ਰੁਜ਼ਗਾਰਦਾਤਾ/ਵਿਦਿਆ ਪਰਿਸਰ ਨੂੰ ਸੂਚਿਤ ਕਰਨਾ ਕਿ ਉਹ ਇੱਕ ਨਜ਼ਦੀਕੀ ਸੰਪਰਕ ਹਨ, ਅਤੇ ਜਦੋਂ ਤੱਕ ਉਹ ਉਪਰੋਕਤ ਦੀ ਪਾਲਣਾ ਕਰ ਰਹੇ ਹਨ, ਉਨ੍ਹਾਂ ਨੂੰ ਇਕਾਂਤਵਾਸ ਕਰਨ ਦੀ ਲੋੜ ਨਹੀਂ ਹੈ।

ਉਨ੍ਹਾਂ ਦੇ ਘਰ ਵਿੱਚ ਰਹਿਣ ਵਾਲੇ ਕਿਸੇ ਵਿਅਕਤੀ ਦੇ ਪਾਜ਼ਟਿਵ COVID-19 ਟੈਸਟ ਕਰਨ ਤੋਂ ਬਾਅਦ 7 ਦਿਨਾਂ ਤੱਕ, ਨਜ਼ਦੀਕੀ ਸੰਪਰਕਾਂ ਨੂੰ ਉਪਰੋਕਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਲੋੜ ਹੋਵੇਗੀ ।

ਜਨਤਕ ਸਿਹਤ ਦੇ ਉਨ੍ਹਾਂ ਆਦੇਸ਼ਾਂ ਨੂੰ ਹਟਾ ਦਿੱਤਾ ਜਾਵੇਗਾ ਜਿਨ੍ਹਾਂ ਮੁਤਾਬਿਕ ਅਹਿਮ ਕਰਮਚਾਰੀਆਂ ਲਈ ਟੀਕਾ ਲਗਵਾਉਣਾ ਲਾਜਮੀ ਹੁੰਦਾ ਹੈ, ਵੈਕਸੀਨ ਲਗਵਾਉਣ ਦੀਆਂ ਲੋੜਾਂ ਹੁਣ ਦੂਸਰੇ ਅਧਿਕਾਰ ਖੇਤਰਾਂ ਦੀ ਤਰਜ਼ 'ਤੇ ਹੀ, ਕਿੱਤਾਮੁਖੀ ਕੰਮ, ਸਿਹਤ ਅਤੇ ਸੁਰੱਖਿਆ (occupational work health and safety) ਅਧੀਨ ਕੀਤੇ ਗਏ ਖਤਰੇ ਦੇ ਮੁਲਾਂਕਣ 'ਤੇ ਅਧਾਰਤ ਹੋਣਗੀਆਂ। ਬਿਰਧ ਦੇਖਭਾਲ ਅਤੇ ਅਪਾਹਜਤਾ ਕਰਮਚਾਰੀਆਂ ਲਈ ਟੀਕਾਕਰਨ ਦੀ ਮੰਗ ਕਰਦੇ ਆਦੇਸ਼ ਅਜੇ ਵੀ ਲਾਗੂ ਰਹਿਣਗੇ।

ਆਉਣ ਵਾਲੇ ਹਫ਼ਤਿਆਂ ਵਿੱਚ ਇਸਦੇ ਵੇਰਵਿਆਂ ਨੂੰ ਅੰਤਿਮ ਰੂਪ ਦੇਣ ਵਜੋਂ, ਸਬੰਧਤ ਹਿੱਤਧਾਰਕਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਵੇਗਾ।

ਇਨ੍ਹਾਂ ਤਬਦੀਲੀਆਂ ਦਾ ਮਤਲਬ ਹੋਵੇਗਾ ਕਿ ਅਹਿਮ ਕਾਮਿਆਂ ਨੂੰ ਆਈਸੋਲੇਸ਼ਨ (ਇਕਾਂਤਵਾਸ) ਨਿਯਮਾਂ ਤੋਂ ਮਿਲਣ ਵਾਲੀਆਂ ਛੋਟਾਂ ਦੀ ਹੁਣ ਲੋੜ ਨਹੀਂ ਹੋਵੇਗੀ। ਹਾਲਾਂਕਿ, ਨਜ਼ਦੀਕੀ ਸੰਪਰਕਾਂ ਨੂੰ ਅਜੇ ਵੀ ਲਗਾਏ ਗਏ ਉਨ੍ਹਾਂ COVID-19 ਸੁਰੱਖਿਆ ਉਪਾਅਵਾਂ ਦੀ ਪਾਲਣਾ ਕਰਨ ਦੀ ਜ਼ਰੂਰਤ ਹੋਵੇਗੀ, ਜੋ ਰੁਜ਼ਗਾਰਦਾਤਿਆਂ ਨੇ ਆਪਣੇ ਕੰਮ ਦੇ ਸਥਾਨ 'ਤੇ ਲਾਗੂ ਕੀਤੇ ਹੋਏ ਹਨ।

30 ਅਪ੍ਰੈਲ 2022 ਤੋਂ, ਬਾਹਰਲੇ ਮੁਲਕਾਂ ਤੋਂ ਵਾਪਸ ਆਉਣ ਵਾਲੇ ਅੰਤਰਰਾਸ਼ਟਰੀ ਯਾਤਰੀ ਜਿਨ੍ਹਾਂ ਦਾ ਟੀਕਾਕਰਨ ਨਹੀਂ ਹੋਇਆ ਹੈ, ਉਨ੍ਹਾਂ ਨੂੰ ਹੋਟਲ ਕੁਆਰੰਟੀਨ ਕਰਨ ਦੀ ਲੋੜ ਨਹੀਂ ਹੋਵੇਗੀ। ਪੂਰੀ ਤਰ੍ਹਾਂ ਟੀਕਾਕਰਨ ਵਾਲੇ ਯਾਤਰੀਆਂ ਉੱਪਰ ਲਾਗੂ ਹੋਣ ਵਾਲੀਆਂ ਮੌਜੂਦਾ ਲੋੜਾਂ,

ਜਿਸ ਵਿੱਚ ਪਹੁੰਚਣ ਦੇ 24 ਘੰਟਿਆਂ ਦੇ ਅੰਦਰ-ਅੰਦਰ ਰੈਪਿਡ ਐਂਟੀਜੇਨ ਟੈਸਟ ਕਰਵਾਉਣਾ ਅਤੇ ਨਿਊ ਸਾਊਥ ਵੇਲਜ਼ ਸਿਹਤ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਸ਼ਾਮਲ ਹੈ, ਇਨ੍ਹਾਂ ਲੋੜਾਂ ਨੂੰ ਹੁਣ ਉਨ੍ਹਾਂ ਯਾਤਰੀਆਂ ਉੱਪਰ ਵੀ ਲਾਗੂ ਕਰ ਦਿੱਤਾ ਜਾਵੇਗਾ, ਜਿਨ੍ਹਾਂ ਨੇ ਟੀਕਾਕਰਨ ਨਹੀਂ ਕਰਵਾਇਆ ਹੈ।

ਜਨਤਕ ਆਵਾਜਾਈ ਦੇ ਸਾਧਨਾਂ ਅੰਦਰ ਲੋਕਾਂ ਦੀ ਸੀਮਾ ਨੂੰ ਵੀ ਖਤਮ ਕਰ ਦਿੱਤਾ ਜਾਵੇਗਾ, ਜਨਤਕ ਆਵਾਜਾਈ, ਹਵਾਈ ਜਹਾਜ਼ਾਂ ਅਤੇ ਹਵਾਈ ਅੱਡਿਆਂ ਅਤੇ ਕਰੂਜ਼ ਟਰਮੀਨਲਾਂ ਦੇ ਅੰਦਰੂਨੀ ਸਥਾਨਾਂ ਵਿੱਚ ਮਾਸਕ ਪਾਉਣ ਦੀ ਜ਼ਰੂਰਤ ਕਾਇਮ ਰਹੇਗੀ।

ਨਿਊ ਸਾਊਥ ਵੇਲਜ਼ ਦੇ ਪ੍ਰੀਮੀਅਰ Dominic Perrottet ਨੇ ਕਿਹਾ ਕਿ ਨਜ਼ਦੀਕੀ ਸੰਪਰਕਾਂ ਲਈ ਇਕਾਂਤਵਾਸ ਨਿਯਮਾਂ ਨੂੰ ਹਟਾਉਣਾ, ਆਮ ਅਕਲ ਲਗਾਉਣ ਵਾਲੇ ਬਦਲਾਅ ਸਨ ਜੋ ਸਾਨੂੰ ਮਹਾਂਮਾਰੀ ਤੋਂ ਬਾਹਰ, ਅੱਗੇ ਵੱਧਦੇ ਰਹਿਣ ਵਿੱਚ ਸਹਾਇਤਾ ਕਰਣਗੇ।

“ਇਕਾਂਤਵਾਸ ਦੇ ਇਹ ਨਿਯਮ ਜ਼ਰੂਰੀ ਸਨ ਪਰ ਸਾਡੀਆਂ ਉੱਚ-ਪੱਧਰੀ ਟੀਕਾਕਰਨ ਦਰਾਂ ਦੇ ਧੰਨਵਾਦ ਸਦਕੇ, ਅਸੀਂ ਅੱਜ ਐਲਾਨ ਕੀਤੀਆਂ ਗਈਆਂ ਤਬਦੀਲੀਆਂ ਲਿਆ ਸਕਦੇ ਹਾਂ,” ਸ਼੍ਰੀਮਾਨ Perrottet ਨੇ ਕਿਹਾ।

“ਇਹ ਬਹੁਤ ਸਾਰੇ ਕਰਮਚਾਰੀਆਂ ਅਤੇ ਕਾਰੋਬਾਰਾਂ ਨੂੰ ਤੁਰੰਤ ਰਾਹਤ ਪ੍ਰਦਾਨ ਕਰੇਗਾ ਜੋ ਕਿ ਮਜ਼ਦੂਰਾਂ ਦੀ ਘਾਟ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਕਿਉਂਕਿ ਲੋਕਾਂ ਨੂੰ ਇਕਾਂਤਵਾਸ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਕਿਉਂਕਿ ਉਹ ਘਰੇਲੂ ਸੰਪਰਕ ਹਨ।”

"ਜਿਵੇਂ ਕਿ ਮਹਾਂਮਾਰੀ ਵਿਕਸਿਤ ਹੋਈ ਹੈ, ਉਸੇ ਤਰ੍ਹਾਂ ਸਾਡੀ ਪ੍ਰਤੀਕ੍ਰਿਆ ਵੀ ਵਿਕਸਿਤ ਹੋਈ ਹੈ ਅਤੇ ਇਹ ਇੱਕ ਹੋਰ ਉਦਾਹਰਣ ਹੈ ਜਿੱਥੇ ਅਸੀਂ ਸੁਰੱਖਿਅਤ ਅਤੇ ਸੋਚੇ-ਸਮਝੇ ਤਰੀਕੇ ਨਾਲ ਲੋੜੀਂਦੀਆਂ ਤਬਦੀਲੀਆਂ ਕਰਨ ਦੇ ਯੋਗ ਹੋਏ ਹਾਂ।"

ਸਿਹਤ ਮੰਤਰੀ Brad Hazzard ਨੇ ਕਿਹਾ ਕਿ ਲੋਕਾਂ ਨੂੰ ਅਜੇ ਵੀ ਸਮਾਜ ਦੇ ਕਮਜ਼ੋਰ ਤਪਕੇ ਦੇ ਮੈਂਬਰਾਂ ਦੀ ਸੁਰੱਖਿਆ ਲਈ ਸਾਵਧਾਨੀ ਵਰਤਣ ਦੀ ਲੋੜ ਹੈ।

"ਅਸੀਂ ਅਜੇ ਵੀ ਇੱਕ ਮਹਾਂਮਾਰੀ ਵਿੱਚ ਹਾਂ ਅਤੇ ਹੱਥਾਂ ਦੀ ਸਫਾਈ, ਸਮਾਜਿਕ ਤੌਰ 'ਤੇ ਜਦੋਂ ਦੂਰੀ ਬਣਾ ਕੇ ਨਾ ਰੱਖੀ ਜਾ ਸਕੇ ਤਾਂ ਮਾਸਕ ਪਾਉਣਾ ਅਤੇ ਤੁਹਾਡੇ ਅੰਦਰ ਲੱਛਣ ਹੋਣ ‘ਤੇ ਘਰ ਵਿੱਚ ਹੀ ਰਹਿਣ ਵਾਲੇ ਬੁਨਿਆਦੀ ਨਿਯਮ ਅਜੇ ਵੀ ਲਾਗੂ ਹੁੰਦੇ ਹਨ," ਸ਼੍ਰੀਮਾਨ Hazzard ਨੇ ਕਿਹਾ।

"ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਜੇਕਰ ਤੁਹਾਡੇ ਅੰਦਰ ਅਜੇ ਵੀ ਲੱਛਣ ਹਨ ਤਾਂ ਤੁਹਾਨੂੰ ਕਿਸੇ ਬਜ਼ੁਰਗ ਦੇਖਭਾਲ ਸਹੂਲਤ, ਹਸਪਤਾਲ ਜਾਂ ਕਿਸੇ ਬਜ਼ੁਰਗ ਰਿਸ਼ਤੇਦਾਰ ਨੂੰ ਮਿਲਣ ਨਹੀਂ ਜਾਣਾ ਚਾਹੀਦਾ।"

ਇਨ੍ਹਾਂ ਤਬਦੀਲੀਆਂ ਦੀ ਤਰਜ਼ ‘ਤੇ ਨਿਊ ਸਾਊਥ ਵੇਲਜ਼ ਸਰਕਾਰ ਟਰਮ 2 ਸ਼ੁਰੂ ਹੋਣ ਤੋਂ ਪਹਿਲਾਂ ਸਕੂਲ ਪਰਿਸਥਿਤੀਆਂ ਨੂੰ ਅੰਤਿਮ ਰੂਪ ਦੇਣ ਲਈ ਸਿਹਤ ਅਧਿਕਾਰੀਆਂ ਨਾਲ ਵੀ ਕੰਮ ਕਰ ਰਹੀ ਹੈ, ਅਤੇ ਇਸ ਸਬੰਧ ਵਿੱਚ ਹੋਰ ਜਾਣਕਾਰੀ ਆਉਣ ਵਾਲੇ ਦਿਨਾਂ ਵਿੱਚ ਜਾਰੀ ਕੀਤੀ ਜਾਵੇਗੀ।

ਸਰਦੀਆਂ ਦੀ ਤਿਆਰੀ ਵਜੋਂ, ਨਿਊ ਸਾਊਥ ਵੇਲਜ਼ ਸਰਕਾਰ ਇਹ ਯਕੀਨੀ ਬਣਾਉਣਾ ਜਾਰੀ ਰੱਖੇਗੀ ਕਿ ਕਮਜ਼ੋਰ ਤਪਕੇ ਦੇ ਸਮੂਹ, ਜਿਨ੍ਹਾਂ ਵਿੱਚ ਅਪਾਹਜ ਲੋਕ, ਬੱਚੇ ਅਤੇ ਘਰੋਂ ਬਾਹਰ ਦੀ ਦੇਖਭਾਲ (out-of-home care) ਵਿੱਚ ਰਹਿ ਰਹੇ ਨੌਜਵਾਨ, ਕਮਜ਼ੋਰ ਤਪਕੇ ਦੇ ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ (CALD) ਵਾਲੀ ਬਿਰਾਦਰੀ ਅਤੇ ਆਦਿਵਾਸੀ ਭਾਈਚਾਰੇ ਸ਼ਾਮਲ ਹਨ, ਉਨ੍ਹਾਂ ਦੀ ਸੁਰੱਖਿਆ ਵਿੱਚ ਸਹਾਇਤਾ ਕਰਨ ਲਈ ਰੈਪਿਡ ਐਂਟੀਜੇਨ ਟੈਸਟ (RATs) ਉਪਲਬਧ ਹਨ।

ਇਹ RATs (ਰੈਪਿਡ ਐਂਟੀਜਨ ਟੈਸਟ) ਡਿਪਾਰਟਮੈਂਟ ਆਫ਼ ਕਮਿਊਨਿਟੀਜ਼ ਅਤੇ ਜਸਟਿਸਜ਼ ਸਟ੍ਰੌਂਗਰ ਕਮਿਊਨਿਟੀਜ਼ ਏਜੰਸੀਆਂ ਦੁਆਰਾ ਵਿਅਕਤੀਆਂ ਅਤੇ ਸੰਬੰਧਿਤ ਸੇਵਾ ਪ੍ਰਦਾਤਾਵਾਂ ਨੂੰ ਵੰਡੇ ਜਾਣਗੇ।

16 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕ ਕਿਸੇ ਵੀ COVID-19 ਵੈਕਸੀਨ ਦੀ ਦੂਜੀ ਖੁਰਾਕ ਲੈਣ ਤੋਂ ਤਿੰਨ ਮਹੀਨਿਆਂ ਬਾਅਦ ਆਪਣੀ ਬੂਸਟਰ ਖੁਰਾਕ ਪ੍ਰਾਪਤ ਕਰ ਸਕਦੇ ਹਨ। ਤੁਸੀਂ ਆਪਣੀ COVID-19 ਵੈਕਸੀਨ ਜਾਂ ਆਪਣਾ ਬੂਸਟਰ ਸ਼ਾਟ www.nsw.gov.au/covid19/vaccination/get-vaccinated ਰਾਹੀਂ ਬੁੱਕ ਕਰ ਸਕਦੇ ਹੋ।

ਵਧੇਰੀ ਜਾਣਕਾਰੀ nsw.gov.au ਉੱਤੇ ਉਪਲਬਧ ਹੈ।

**ਮੀਡੀਆ: Ian Paterson | Premier | 0438 748 501**
**Nicolette Kormendy | Minister Hazzard | 0429 064 89**